International Journal for Multidisciplinary Research (IJFMR)

E-ISSN: 2582-2160 ● Website: www.ijfmr.com ● Email: editor@ijfmr.com

# ਆਸਾ ਦੀ ਵਾਰ ਵਿੱਚ ਸਮਾਜਕ-ਸੱਭਿਆਚਾਰਕ ਚੇਤਨਾ

**Sarabjeet Kaur**

Research Scholar, Panjab University Chandigarh

ਸਾਹਿਤ ਸਮਾਜਕ ਚੇਤਨਾ ਦਾ ਇੱਕ ਰੂਪ ਹੈ। ਇਸਦਾ ਆਪਣਾ ਇੱਕ ਇਤਿਹਾਸ ਤੇ ਵਿਕਾਸ ਹੈ ਜੋ ਸਮਾਜ ਦੇ ਵਿਕਾਸ ਦੇ ਨਿਯਮਾਂ ਰਾਹੀਂ ਹੀ ਨਿਸ਼ਚਿਤ ਹੁੰਦਾ ਹੈ। ਸਾਹਿਤ ਸਿਰਜਣਾ ਸਮੇਂ ਸਮਾਜਕ ਪ੍ਰਸਥਿਤੀਆਂ ਦਾ ਪ੍ਰਭਾਵ ਸਾਹਿਤਕਾਰ ਉੱਪਰ ਜ਼ਰੂਰ ਪੈਂਦਾ ਹੈ। ਸਾਹਿਤਕਾਰ ਸਮਾਜ ਵਿੱਚ ਜੋ ਵੇਖਦਾ ਅਤੇ ਹੰਢਾਉਂਦਾ ਹੈ ਉਹਨਾ ਪ੍ਰਸਥਿਤੀਆਂ ਦਾ ਵਰਣਨ ਆਪਣੀ ਰਚਨਾ ਵਿੱਚ ਜ਼ਰੂਰ ਕਰਦਾ ਹੈ। ਗੁਰੂ ਨਾਨਕ ਦੇਵ ਜੀ ਇੱਕ ਮਹਾਨ ਚੇਤੰਨ ਕਵੀ ਸਨ। ਉਹਨਾਂ ਨੇ ਆਪਣੀ ਬਾਣੀ ਵਿੱਚ ਧਾਰਮਿਕ ਤੇ ਅਧਿਆਤਮਿਕ ਵਿਚਾਰਾਂ ਦੇ ਨਾਲ-ਨਾਲ ਸਮਾਜਕ, ਰਾਜਨੀਤਿਕ ਤੇ ਆਰਥਿਕ ਪੱਖਾਂ ਨੂੰ ਪ੍ਰਗਟਾਉਂਦਿਆਂ ਸਮਕਾਲੀਨ ਸਥਿਤੀ ਉੱਪਰ ਟਿੱਪਣੀਆਂ ਵੀ ਕੀਤੀਆਂ ਹਨ। ਗੁਰੂ ਜੀ ਨੇ ਲੋਕਾਂ ਨੂੰ ਵਹਿਮਾਂ-ਭਰਮਾਂ, ਪਾਖੰਡਾਂ, ਸੁੰਨ-ਸਮਾਧੀਆਂ ਤੇ ਮੂਰਤੀ ਪੂਜਾ ਵਿੱਚੋਂ ਕੱਢ ਕੇ ਉਹਨਾਂ ਵਿੱਚ ਚੇਤਨਾ ਜਗਾਈ। ਡਾ. ਤਾਰਨ ਸਿੰਘ ਅਨੁਸਾਰ, ਆਸਾ ਦੀ ਵਾਰ ਪੂਰੀ ਤਰ੍ਹਾਂ ਸਮਕਾਲੀਨ ਇਤਿਹਾਸ ਹੈ। ਇਸ ਵਿੱਚ ਸਮਕਾਲੀਨ ਸਮਾਜ ਦਾ ਚਿਤਰਣ ਬੜੀ ਸੂਝ ਤੇ ਬਾਰੀਕੀ ਨਾਲ ਕੀਤਾ ਹੋਇਆ ਹੈ ਤੇ ਉਸ ਵੇਲੇ ਦੇ ਰਸਮੀ ਧਰਮਾਂ ਉੱਤੇ ਥਾਂ-ਥਾਂ ਵਿਅੰਗ ਕੀਤਾ ਹੈ।1

ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ ਦੀ ਰਚਨਾ ਕੀਤੀ-ਆਸਾ ਦੀ ਵਾਰ (24 ਪਉੜੀਆਂ), ਮਾਝ (27 ਪਉੜੀਆਂ) ਤੇ ਮਲਾਰ (28 ਪਉੜੀਆਂ)। ਉਹਨਾਂ ਨੇ ਇਹਨਾਂ ਵਾਰਾਂ ਦੀ ਰਚਨਾ ਕਦੋਂ-ਕਦੋਂ ਕੀਤੀ, ਇਸ ਬਾਰੇ ਵਿਦਵਾਨਾਂ ਦੇ ਵਿਚਾਰ ਅਲੱਗ-ਅਲੱਗ ਹਨ। ਪ੍ਰੋ. ਸਾਹਿਬ ਸਿੰਘ ਆਸਾ ਦੀ ਵਾਰ ਨੂੰ ਗੁਰੂ ਜੀ ਦੇ ਜੀਵਨ ਸਫ਼ਰ ਦੇ ਅਖ਼ੀਰਲੇ ਹਿੱਸੇ ਦੀ ਮੰਨਦੇ ਹਨ। ਡਾ. ਤਾਰਨ ਸਿੰਘ, ਪਿਆਰ ਸਿੰਘ ਭੋਗਲ ਤੇ ਡਾ. ਕਾਲਾ ਸਿੰਘ ਬੇਦੀ ਜੀਵਨ ਦੇ ਪਹਿਲੇ ਹਿੱਸੇ ਭਾਵ ਜੁਆਨੀ ਦੇ ਸਮੇਂ ਦੀ ਮੰਨਦੇ ਹਨ ਕਿਉਂਕਿ ਇਸ ਵਿੱਚ ਸਮਾਜਕ ਬੁਰਾਈਆਂ ਦਾ ਵਰਣਨ ਬੜੇ ਕਾਟਵੇਂ ਸ਼ਬਦਾਂ ਵਿੱਚ ਕੀਤਾ ਗਿਆ ਹੈ। ਆਸਾ ਦੀ ਵਾਰ ਮਨੁੱਖੀ ਜੀਵਨ ਤੇ ਸਮਾਜ ਦਾ ਸ਼ੀਸ਼ਾ ਹੈ। ਗੁਰੂ ਜੀ ਲੋਕ ਕਵੀ ਸਨ। ਇਸ ਲਈ ਆਪਣੇ ਵਿਚਾਰਾਂ ਦੇ ਪ੍ਰਗਟਾਅ ਲਈ ਉਹਨਾ ਨੇ ਲੋਕਾਂ ਦੇ ਹਰਮਨ ਪਿਆਰੇ ਕਾਵਿ ਨੂੰ ਹੀ ਅਪਣਾਇਆ ਤੇ ਸਰਲ ਭਾਸ਼ਾ ਦੀ ਵਰਤੋਂ ਕੀਤੀ। ਇਸ ਕਰਕੇ ਹੀ ਗੁਰੂ ਜੀ ਦੁਆਰਾ ਰਚੀ ਅਧਿਆਤਮਕ ਵਾਰ ਆਸਾ ਦੀ ਵਾਰ ਨੂੰ ਲੋਕ ਵਾਰ ਟੁੰਡੇ ਅਸਰਾਜੈ ਕੀ ਵਾਰ ਦੀ ਧੁਨਿ (ਤਰਜ) ਤੇ ਗਾਉਣ ਦਾ ਉਪਦੇਸ਼ ਦਿੱਤਾ ਗਿਆ ਹੈ।

ਮੱਧਕਾਲ ਵਿੱਚ ਸਮਾਜਕ ਚੇਤਨਾ ਦਾ ਰੂਪ ਧਾਰਮਿਕ ਸੀ। ਇਸ ਲਈ ਲੋਕਾਂ ਨੂੰ ਸੁਚੇਤ ਕਰਨ ਲਈ ਗੁਰੂ ਨਾਨਕ ਦੇਵ ਜੀ ਦੁਆਰਾ ਧਰਮ ਦਾ ਰਸਤਾ ਹੀ ਅਪਣਾਇਆ ਗਿਆ। ਉਹਨਾਂ ਨੇ ਆਪਣੇ ਸਮੇਂ ਦੇ ਜਿਸ ਸੱਚ ਨੂੰ ਅੱਖੀਂ ਵੇਖਿਆ ਤੇ ਹੰਢਾਇਆਂ ਉਸਨੂੰ ਧਾਰਮਿਕ ਚੇਤਨਾ ਦੇ ਮੁਹਾਵਰੇ ਨਾਲ ਜੋੜਕੇ ਆਮ ਲੋਕਾਂ ਨੂੰ ਰੂੜ੍ਹੀਵਾਦੀ ਸੋਚ ਤੋਂ ਉੱਪਰ ਉੱਠਣ ਲਈ ਪ੍ਰੇਰਿਆਂ। ਉਹਨਾਂ ਦੀ ਰਚਨਾ ਭਾਵੇਂ ਅਧਿਆਤਮਵਾਦੀ ਹੈ ਪਰ ਉਹਨਾ ਇੱਕ ਚੇਤੰਨ ਸਾਹਿਤਕਾਰ ਦੀ ਤਰ੍ਹਾਂ ਸਮਾਜਕ ਪੱਖ ਨੂੰ ਵੀ ਉਹਲੇ ਨਹੀਂ ਕੀਤਾ। ਗੁਰੂ

ਨਾਨਕ ਬਾਣੀ ਦਾ ਕੇਂਦਰੀ ਥੀਮ ਹੀ ਲੌਕਿਕਤਾ ਤੋਂ ਪਰਾਲੌਕਿਕਤਾ ਤੱਕ ਪਹੁੰਚਣਾ ਹੈ। ਉਹਨਾਂ ਨੇ ਆਪਣੇ ਸਮੇਂ ਵਿੱਚ ਪ੍ਰਚਲੱਤ ਜਾਤ-ਪਾਤ ਤੇ ਛੂਤਛਾਤ ਨੂੰ ਨਕਾਰ ਦਿੱਤਾ। ਆਸਾ ਦੀ ਵਾਰ ਵਿੱਚ ਸਮਾਜ ਦੇ ਹਰ ਪੱਖ ਦੀਆਂ ਕੁਰੀਤੀਆਂ, ਕੁਕਰਮਾਂ, ਭਰਮਾਂ ਤੇ ਵਿਕਾਰਾਂ ਦੀ ਕਰੜੀ ਨਿੰਦਿਆਂ ਕੀਤੀ ਹੋਈ ਮਿਲਦੀ ਹੈ। ਡਾ. ਅਤਰ ਸਿੰਘ ਲਿਖਦੇ ਹਨ, ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਮੁੱਖ ਵਿਸ਼ੇਸ਼ਤਾ ਸਥਾਪਤ ਮਰਿਆਦਾ ਨੂੰ ਵੰਗਾਰਨਾ ਹੈ: ਇਹ ਮਰਿਆਦਾ ਭਾਵੇਂ ਰਾਜ ਦੀ ਹੋਵੇ, ਭਾਵੇਂ ਵਿਵਹਾਰ ਦੀ, ਭਾਵੇਂ ਧਾਰਮਿਕ ਰੀਤ ਦੀ ਤੇ ਭਾਵੇਂ ਸਮਾਜਕ ਰਿਵਾਜ ਦੀ। ਸਥਾਪਨਾ ਨੂੰ ਅਸਵੀਕਾਰ ਕਰਨਾ ਅਤੇ ਸਥਾਪਿਤ ਮਤ ਮਰਿਆਦਾ ਜਾਂ ਮਾਰਗ ਦੇ ਬਾਹਰਲੇ ਭੇਖ ਅਤੇ ਅਸਲ ਕਿਰਦਾਰ ਦੇ ਫ਼ਰਕ ਨੂੰ ਉਘਾੜਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਵਿਲੱਖਣ ਲੱਛਣ ਹੈ। ਹਰ ਪ੍ਰਕਾਰ ਦੇ ਧਾਰਮਕ ਪਾਖੰਡ, ਰੀਤ, ਸੰਸਕਾਰ ਦੇ ਅੰਦਰਲੇ ਖੋਖਲੇਪਣ ਨੂੰ ਗੁਰੂ ਸਾਹਿਬ ਇਸ ਵਿਧੀ ਦੁਆਰਾ ਹੀ ਉਜਾਗਰ ਕਰਦੇ ਹਨ।2

ਗੁਰੂ ਨਾਨਕ ਦੇਵ ਜੀ ਨੇ ਲੋਕਾਈ ਦੇ ਦੁੱਖਾਂ ਨੂੰ ਮਹਿਸੂਸ ਕੀਤਾ ਅਤੇ ਉਸ ਅਨੁਭਵ ਨੂੰ ਆਸਾ ਦੀ ਵਾਰ ਵਿੱਚ ਪੇਸ਼ ਕਰਕੇ ਲੋਕਾਂ ਵਿੱਚ ਚੇਤਨਾ ਜਗਾਈ। ਗੁਰੂ ਸਾਹਿਬਾਨ ਤੋਂ ਪਹਿਲਾ ਅਤੇ ਮੌਜੂਦਾ ਸਮੇਂ ਵਿੱਚ ਔਰਤ ਦੀ ਸਥਿਤੀ ਠੀਕ ਨਹੀਂ ਸੀ। ਉਸਨੂੰ ਬਾਘਣ, ਗੰਵਾਰ, ਚੰਚਲ, ਕਮ-ਅਕਲ ਅਤੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਬਾਲ ਵਿਆਹ, ਸਤੀ ਪ੍ਰਥਾ ਵਰਗੀਆਂ ਕੁਰੀਤੀਆਂ ਪ੍ਰਚਲੱਤ ਸਨ। ਗੁਰੂ ਨਾਨਕ ਦੇਵ ਜੀ ਨੇ ਔਰਤ ਦੀ ਰਚਨਾਤਮਿਕ ਅਤੇ ਸਿਰਜਣਾਤਮਕ ਸ਼ਕਤੀ ਨੂੰ ਪਹਿਚਾਣਦਿਆਂ ਸਮਾਜ ਵਿੱਚ ਲਿੰਗ ਵਿਤਕਰੇ ਵਿਰੁੱਧ ਅਤੇ ਇਸਤਰੀ ਦੇ ਹੱਕ ਵਿੱਚ ਸ਼ਕਤੀਸ਼ਾਲੀ ਆਵਾਜ਼ ਉਠਾਈ। ਮੱਧਕਾਲੀ ਭਾਰਤੀ ਇਤਿਹਾਸ ਵਿੱਚ ਗੁਰੂ ਨਾਨਕ ਪਹਿਲੇ ਕਵੀ ਹੋਏ ਹਨ ਜਿਹਨਾਂ ਨੇ ਔਰਤ ਨੂੰ ਸਮਾਨਜਨਕ ਦਰਜਾ ਦਿਵਾਉਣ ਲਈ ਆਵਾਜ਼ ਉਠਾਈ। ਡਾ. ਹਰਿਭਜਨ ਸਿੰਘ ਇਸ ਸੰਬੰਧ ਵਿੱਚ ਲਿਖਦੇ ਹਨ, ਜਿਵੇਂ ਨਾਥ-ਸੰਤ ਬਾਣੀਕਾਰਾਂ ਨੇ ਪ੍ਰਚੰਡ ਇਸਤਰੀ-ਨਿੰਦਾ ਅਤੇ ਦਿਵਜ਼-ਨਿੰਦਾ ਰਾਹੀਂ ਮਾਨਵੀ ਦ੍ਰਿਸ਼ ਪਾਸਾਰ ਵਿੱਚ ਦਿਲਚਸਪੀ ਲਈ ਉਵੇਂ ਹੀ ਨਾਨਕ ਬਾਣੀ ਨੇ ਮਾਨਵ ਜੀਵਨ ਪ੍ਰਬੰਧ ਵਿਚੋਂ ਰਾਜੇ ਅਤੇ ਰਾਜ ਕਰਮਚਾਰੀਆਂ ਨੂੰ ਵਿਸ਼ੇਸ਼ ਖੰਡਨ ਲਈ ਚੁਣਿਆਂ ਹੈ। ਇਸਤਰੀ-ਨਿੰਦਾ, ਨਾਨਕ ਬਾਣੀ ਵਿੱਚ ਵਰਜਿਤ ਹੈ। ਦਿਵਜ-ਵਿਰੋਧ, ਵਰਜਿਤ ਨਹੀਂ, ਵਿਰਲ ਹੈ। ਨਾਨਕ ਬਾਣੀ ਵਿੱਚ ਸੱਪਸ਼ਟ ਨਿੰਦਾ ਹਾਕਮ-ਜਮਾਤ ਦੀ ਹੀ ਹੋਈ।3 ਗੁਰੂ ਜੀ ਅਨੁਸਾਰ ਜਿਹੜੇ ਲੋਕ ਇਸਤਰੀ ਦੀ ਨਿੰਦਿਆ ਕਰਦੇ ਹਨ, ਵਾਸਤਵ ਵਿੱਚ ਉਹ ਅਗਿਆਨੀ ਹਨ। ਇਸਤਰੀ ਮੁਕਤੀ ਦੇ ਰਾਹ ਦਾ ਰੋੜਾ ਨਹੀਂ ਸਗੋਂ ਮੁਕਤੀ ਦੇ ਰਾਹ ਦੀ ਰਹਿਨੁਮਾ ਹੈ। ਔਰਤ ਦੀ ਹੋ ਰਹੀ ਨਿੰਦਿਆਂ ਨੂੰ ਵੇਖਕੇ ਗੁਰੂ ਜੀ ਨੇ ਕਰੜੇ ਸ਼ਬਦਾਂ ਵਿੱਚ ਸਮਾਜ ਨੂੰ ਜਗਾਇਆ ਕਿ ਜਿਸ ਔਰਤ ਨੇ ਉਸਨੂੰ ਸਮਾਜ ਵਿੱਚ ਜਨਮ ਦਿੱਤਾ ਉਸਨੂੰ ਭੰਡਣਾ ਠੀਕ ਨਹੀਂ। ਔਰਤ ਨਾਲ ਹੀ ਮਨੁੱਖੀ ਸਮਾਜ ਬਣਦਾ ਹੈ, ਵੱਡੇ-ਵੱਡੇ ਪੀਰ-ਪੈਗੰਬਰ, ਰਾਜੇ, ਯੋਧੇ ਅਤੇ ਸਾਧੂ ਸੰਤ ਆਦਿ ਔਰਤ ਦੇ ਪੇਟੋਂ ਹੀ ਜਨਮ ਲੈਂਦੇ ਹਨ। ਜੋ ਰਾਜਿਆਂ-ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਹੈ, ਉਹ ਨੀਵੀਂ ਕਿਵੇਂ ਹੋ ਸਕਦੀ ਹੈ। ਗੁਰੂ ਜੀ ਨੇ ਫ਼ੁਰਮਾਇਆ,

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥4

ਗੁਰੂ ਨਾਨਕ ਦੇਵ ਜੀ ਦੇ ਸਮੇਂ ਮਾਇਆ ਅਤੇ ਹਉਮੈ ਦਾ ਬੋਲਬਾਲਾ ਸੀ। ਰਾਜੇ ਮੰਡਪ ਮਾੜੀਆਂ, ਫੌਜਾਂ-ਲਸ਼ਕਰ, ਠਾਠ-ਬਾਠ ਦੇ ਹਉਮੈ ਵਿੱਚ ਸਨ। ਮਨੁੱਖ ਦੀ ਲਾਲਸਾ ਵੱਧ ਤੋਂ ਵੱਧ ਧਨ ਤੇ ਸਮਾਜਕ ਪਦਾਰਥ ਇੱਕਠਾ ਕਰਨ ਦੀ ਸੀ। ਗੁਰੂ ਜੀ ਨੇ ਮਾਇਆ ਅਤੇ ਨਾਮ ਦਾ ਆਪਸੀ ਵਿਰੋਧ ਬਾਣੀ ਰਾਹੀਂ ਪ੍ਰਗਟ ਕੀਤਾ। ਪ੍ਰੋ. ਕਿਸ਼ਨ ਸਿੰਘ ਗੁਰਬਾਣੀ ਦਾ ਸੱਚ ਵਿੱਚ ਲਿਖਦੇ ਹਨ ਕਿ, ਜਦੋਂ ਬਾਣੀ ਰਚੀ ਗਈ ਸੀ, ਉਸ ਵਕਤ ਮਾਇਆ, ਹਉਮੈ ਆਦਿ ਪ੍ਰਚਲੱਤ ਚੇਤਨਤਾ ਦਾ ਮੁਹਾਵਰਾ ਸਨ। ਰਚਣ, ਲਿਖਣ ਵਾਲੇ ਇਸ ਮੁਹਾਵਰੇ ਰਾਹੀਂ ਆਪਣਾ ਅਨੁਭਵ ਪ੍ਰਗਟ ਕਰਦੇ ਸਨ ਅਤੇ ਉਨ੍ਹਾਂ ਦੀ ਰਚਨਾ ਨੂੰ ਪੜ੍ਹਨ ਸੁਣਨ ਵਾਲੇ ਇਸ ਮੁਹਾਵਰੇ ਰਾਹੀਂ ਪੇਸ਼ ਹੋ ਰਹੇ ਅਨੁਭਵ ਨੂੰ ਸੁਣਦੇ, ਸਮਝਦੇ ਤੇ ਗ੍ਰਹਿਣ ਕਰਦੇ ਸਨ ਅਤੇ ਉਸਦੀ ਸਮਾਜਕ ਮਨੁੱਖੀ ਅਮਲ ਵਿੱਚ ਤਰਜ਼ਮਾਨੀ ਕਰਦੇ ਸਨ।5 ਗੁਰੂ ਜੀ ਨੇ ਵੀ ਉਸ ਸਮੇਂ ਮਾਇਆ, ਜਾਤ, ਵਿੱਦਿਆ ਅਤੇ ਰਾਜ-ਭਾਗ ਦੇ ਹਉਮੈਂ ਵਿੱਚ ਫਸੇ ਮਨੁੱਖ ਨੂੰ ਸੰਬੋਧਨ ਕੀਤਾ ਕਿ ਧਾਰਮਿਕ ਜਾਂ ਅਧਿਆਤਮਿਕ ਹਉਮੈਂ ਆਦਿ ਸਭ ਵਿਅਰਥ ਹੈ। ਹਉਮੈ ਵਿੱਚ ਫਸਿਆ ਮਨੁੱਖ ਕਦੇ ਸੁਤੰਤਰ ਨਹੀਂ ਹੋ ਸਕਦਾ ਸਗੋਂ ਉਹ ਆਵਾਗਵਨ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ।

ਹਉ ਵਿਚਿ ਆਇਆ, ਹਉ ਵਿਚਿ ਗਇਆ॥
ਹਉ ਵਿਚਿ ਜੰਮਿਆ, ਹਉ ਵਿਚਿ ਮੁਆ॥
...............................................
ਹਉ ਵਿਚਿ ਮਾਇਆ ਹਉ ਵਿਚਿ ਛਾਇਆ॥
ਹਉਮੈ ਕਰਿ ਕਰਿ ਜੰਤ ਉਪਾਇਆ॥6

ਜਦੋਂ ਮਨੁੱਖ ਨੂੰ ਪਰਮਾਤਮਾ ਦੇ ਗਿਆਨ ਦੀ ਪੂਰੀ ਤਰ੍ਹਾਂ ਪ੍ਰਾਪਤੀ ਹੋ ਜਾਵੇਗੀ ਉਹ ਹਉਮੈ ਤੋਂ ਮੁਕਤ ਹੋ ਜਾਵੇਗਾ। ਮਾਇਆ ਅਤੇ ਹਉਮੈ ਹੀ ਮਨੁੱਖ ਦੀ ਸਫ਼ਲਤਾ ਦੇ ਰਾਹ ਵਿੱਚ ਰੋੜਾ ਹਨ। ਡਾ. ਹਰਿਭਜਨ ਸਿੰਘ ਅਨੁਸਾਰ, ਹਉਮੈ ਮਾਨਵਤਾ ਦਾ ਮੂਲ ਕੇਂਦਰ ਹੈ। ਗੁਰੂ ਨਾਨਕ ਹਉਮੈ ਦਾ ਇਹਲੋਕਿਕ ਤੋੜ ਪੇਸ਼ ਨਹੀਂ ਕਰਦੇ, ਉਨ੍ਹਾਂ ਦਾ ਸੰਕੇਤ ਸਰਬਲੌਕਿਕ ਦਾਰੂ (ਨਾਮ) ਵੱਲ ਹੈ।7 ਉਹਨਾਂ ਨੇ ਧਰਮ ਰਾਹੀਂ ਮਨੁੱਖ ਵਿੱਚ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਕੀਤਾ। ਇਸ ਵਾਰ ਵਿੱਚ ਉਹ ਮਨੁੱਖ ਨੂੰ ਮਿੱਠਾ ਬੋਲਣ, ਨੀਵਾਂ ਰਹਿਣ ਤੇ ਉੱਚ ਆਚਰਨ ਗ੍ਰਹਿਣ ਕਰਨ ਉੱਪਰ ਜ਼ੋਰ ਦਿੰਦੇ ਹਨ। ਗੁਰੂ ਜੀ ਦੇ ਧਰਮ ਨੂੰ ਸਮਾਜ ਨਾਲੋਂ ਤੋੜਕੇ ਵੇਖਣ ਦੇ ਕੋਈ ਆਧਾਰ ਨਹੀਂ ਹਨ। ਆਧੁਨਿਕ ਸਮਾਜ ਵਿਗਿਆਨੀ ਦੁਰਖੀਮ ਜਦੋਂ ਸਮਾਜ ਨੂੰ ਧਰਮ ਦੀ ਆਤਮਾ ਆਖਦਾ ਹੈ ਤਾਂ ਉਹ ਸਮਾਜ ਅਤੇ ਧਰਮ ਨੂੰ ਸਮਨਾਂਤਰ ਸਥਿਤੀ ਵਿੱਚ ਨਹੀਂ ਰੱਖਦਾ ਸਗੋਂ ਦੋਹਾਂ ਨੂੰ ਇਕ ਦੂਜੇ ਦੇ ਪੂਰਕ ਦੇ ਰੂਪ ਵਿੱਚ ਵੇਖਦਾ ਹੈ।

ਆਸਾ ਦੀ ਵਾਰ ਵਿੱਚ ਤਤਕਾਲੀਨ ਸੱਭਿਆਚਾਰ ਦੀ ਝਲਕ ਵੀ ਦੇਖਣ ਨੂੰ ਮਿਲਦੀ ਹੈ। ਗੁਰੂ ਜੀ ਨੇ ਉਸ ਸਮੇਂ ਪ੍ਰਚਲਿੱਤ ਰੀਤੀ-ਰਿਵਾਜਾਂ, ਵਹਿਮਾਂ-ਭਰਮਾਂ, ਧਾਰਮਿਕ ਕਰਮ-ਕਾਂਡਾ, ਅੰਧ-ਵਿਸ਼ਵਾਸ਼ਾਂ ਅਤੇ ਪਾਖੰਡਾਂ ਵਿਰੁੱਧ ਆਵਾਜ਼ ਉਠਾਈ। ਲੋਕਾਂ ਨੂੰ ਚੇਤੰਨ ਹੋ ਕੇ ਧਰਮ ਦਾ ਸਹੀ ਰਸਤਾ ਪਛਾਣਨ ਲਈ ਕਿਹਾ। ਗੁਰੂ ਜੀ ਦੇ ਸਮੇਂ ਆਈ ਸੱਭਿਆਚਾਰਕ ਗਿਰਾਵਟ ਬਾਰੇ ਡਾ. ਕਾਲਾ ਸਿੰਘ ਬੇਦੀ

ਲਿਖਦੇ ਹਨ, ਗੁਰੂ ਜੀ ਨੇ ਉਸ ਸਮੇਂ ਦੀ ਧਾਰਮਿਕ ਅਤੇ ਸਮਾਜਕ ਸਥਿਤੀ ਉੱਪਰ ਡੂੰਘੀ ਝਾਤ ਮਾਰੀ ਤੇ ਦੇਖਿਆ ਕਿ ਵੈਸ਼ਨਵ ਨੱਚਣ ਕੁੱਦਣ ਵਿੱਚ ਲੀਨ ਸਨ, ਮੁਸਲਮਾਨ ਫੋਕਟ ਸ਼ਰਾ ਵਿੱਚ ਮਗਨ, ਜੈਨੀ ਮਲੀਨਤਾ ਵਿੱਚ ਸਲਗਨ, ਜੋਗੀ ਦਿਖਾਵੇ ਦੀਆਂ ਸੁੰਨ ਸਮਾਧੀਆਂ ਵਿਚ ਲੱਗੇ ਹੋਏ, ਪੰਡਤ ਕਿਤਾਬੀ ਗਿਆਨ ਦੇ ਚਕ੍ਰ ਤੇ ਹੰਕਾਰ ਵਿਚ ਫਸੇ ਹੋਏ ਸਨ, ਰਾਜੇ ਰਾਣੀਆਂ ਕੂੜ ਵਿੱਚ ਰੁਝੇ ਹੋਏ, ਪੁਜਾਰੀ ਸ਼੍ਰੇਣੀ ਵਹਿਮਾਂ, ਪਖੰਡਾਂ ਤੇ ਰਸਮਾਂ ਵਿੱਚ ਰੁਝੀ ਹੋਈ ਅਤੇ ਭਗਤਜਨ ਮੂਰਤੀ ਪੂਜਾ ਤੇ ਬਗਲਾ ਸਮਾਧੀਆਂ ਵਿੱਚ ਜੁੜੇ ਹੋਏ ਸਨ। ਧਾਰਮਕ ਖੇਤਰ ਵਿੱਚ ਸਦਾਚਾਰਕ (ਇਖਲਾਕੀ) ਅਤੇ ਸੱਭਿਆਚਾਰਕ (ਤਹਿਜ਼ੀਬੀ) ਗਿਰਾਵਟ ਆ ਚੁੱਕੀ ਸੀ। ਸਤਿਗੁਰੂ ਨੇ ਇਨ੍ਹਾਂ ਇਖ਼ਲਾਕੀ ਗਿਰਾਵਟਾਂ ਦਾ ਚਿਤ੍ਰ ਯਥਾਰਥ ਢੰਗ ਨਾਲ ਆਸਾ ਵੀ ਵਾਰ ਵਿੱਚ ਪੇਸ਼ ਕੀਤਾ ਹੈ।8

ਗੁਰੂ ਜੀ ਨੇ ਉਸ ਸਮੇਂ ਪ੍ਰਚਲਿੱਤ ਜਨੇਊ ਦੀ ਰਸਮ ਦਾ ਖੰਡਨ ਕੀਤਾ। ਉਹਨਾਂ ਸਮੇਂ ਜਾਤ-ਪਾਤ ਜ਼ੋਰਾ ਤੇ ਸੀ। ਬ੍ਰਾਹਮਣ, ਕਸ਼ਤਰੀ ਅਤੇ ਵੈਸ਼ ਆਪਣੀ-ਆਪਣੀ ਜਾਤੀ ਅਨੁਸਾਰ ਜਨੇਊ ਪਹਿਨਦੇ ਸਨ। ਗੁਰੂ ਜੀ ਨੇ ਲੋਕਾਂ ਨੂੰ ਚੇਤੰਨ ਕਰਦੇ ਹੋਏ ਕਿਹਾ ਕਿ ਅਜਿਹਾ ਜਨੇਊ ਪਾਉਣ ਦਾ ਕੋਈ ਲਾਭ ਨਹੀਂ ਜਿਸ ਨਾਲ ਮਨੁੱਖ ਵਿਸ਼ੇ-ਵਿਕਾਰਾਂ ਵਿੱਚ ਹੀ ਫਸਿਆ ਰਹੇ। ਮਨੁੱਖ ਨੂੰ ਸਬਰ-ਸੰਤੋਖ ਦਾ ਅਜਿਹਾ ਜਨੇਊ ਪਾਉਣਾ ਚਾਹੀਦਾ ਹੈ ਜੋ ਕਦੇ ਨਾ ਟੁੱਟੇ। ਉਹਨਾਂ ਨੇ ਅਸਲ ਵਿੱਚ ਮਨੁੱਖ ਦੀ ਖ਼ਤਮ ਹੋ ਰਹੀ ਇਨਸਾਨੀਅਤ ਨੂੰ ਨਜ਼ਦੀਕ ਤੋਂ ਵੇਖਿਆਂ ਸੀ। ਇਸ ਲਈ ਉਹਨਾਂ ਨੇ ਮਨੁੱਖ ਨੂੰ ਆਪਣੇ ਕਰਮਾਂ ਰਾਹੀ ਉੱਚਾ ਉੱਠਣ ਲਈ ਪ੍ਰੇਰਿਆ। ਅਜਿਹਾ ਜਨੇਊ ਪਾਉਣ ਲਈ ਕਿਹਾ ਜੋ ਅੱਗ ਨਾਲ ਜਲ ਨਾ ਸਕੇ। ਉਸ ਸਮੇਂ ਹੀ ਹਿੰਦੂਆਂ ਵਿੱਚ ਸੂਤਕ ਦੀ ਰਸਮ ਪ੍ਰਚਲੱਤ ਸੀ। ਸੂਤਕ ਦਾ ਅਰਥ ਹੈ ਬੱਚੇ ਦੇ ਜਨਮ ਸਮੇਂ ਪੈਦਾ ਹੋਣ ਵਾਲੀ ਅਸੁੱਚਜਤਾ/ ਅਪਵਿੱਤਰਤਾ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ ਬੜੇ ਤਰਕ ਨਾਲ ਲੋਕਾਂ ਨੂੰ ਜਾਗ੍ਰਿਤ ਕੀਤਾ ਕਿ ਪੈਦਾਇਸ਼ ਨਾਲ ਕੋਈ ਅਪਵਿੱਤਰਤਾ ਨਹੀਂ ਹੁੰਦੀ। ਸੂਤਕ ਉਹ ਹੈ ਜੋ ਲੋਭ, ਕੂੜ, ਚੁਗਲੀ, ਨਿੰਦਿਆਂ ਅਤੇ ਮਾਇਆ ਵਰਗੇ ਵਿਕਾਰਾਂ ਵਿਚ ਫਸਿਆ ਹੋਇਆ ਹੈ। ਜੰਮਣਾ-ਮਰਣਾ ਤਾਂ ਪ੍ਰਭੂ ਦਾ ਹੁਕਮ ਹੈ, ਪ੍ਰਭੂ ਦੀ ਰਜ਼ਾ ਵਿੱਚ ਹੀ ਜੀਵ ਜੰਮਦਾ ਤੇ ਮਰਦਾ ਹੈ। ਗੁਰੂ ਜੀ ਲਿਖਦੇ ਹਨ :

ਮਨ ਕਾ ਸੂਤਕੁ ਲੋਭ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥

............................................
ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥9

ਮੱਧਕਾਲ ਵਿੱਚ ਲੋਕ ਦਰੱਖਤਾਂ, ਨਾਗਾਂ, ਸਮਾਧੀਆਂ, ਮੜੀਆਂ ਅਤੇ ਮਸਾਣਾਂ ਦੀ ਪੂਜਾ ਕਰੀ ਜਾਂਦੇ ਸਨ। ਗੁਰੂ ਜੀ ਨੇ ਦੇਖਿਆਂ ਕਿ ਕਿਵੇਂ ਲੋਕ ਅੰਨ, ਪਹਿਰਾਵਾ ਤਿਆਗਕੇ ਸਮਾਧੀਆਂ ਲਗਾਕੇ ਪਰਮਾਤਮਾ ਨੂੰ ਪਾਉਣ ਦਾ ਯਤਨਕਰ ਰਹੇ ਸਨ। ਗੁਰੂ ਜੀ ਨੇ ਇਸ ਸਭ ਨੂੰ ਪਾਖੰਡ ਦੱਸਿਆ। ਉਹਨਾਂ ਅਨੁਸਾਰ ਇਸ ਪ੍ਰਕਾਰ ਸਰੀਰ ਨੂੰ ਕਸ਼ਟ ਦੇਣ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਸਗੋਂ ਆਪਣੇ ਅੰਦਰੋਂ ਹਉਮੈਂ ਨੂੰ ਖ਼ਤਮ ਕਰਕੇ ਹੀ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗੁਰੂ ਜੀ ਇਸ ਪਾਖੰਡ ਦਾ ਖੰਡਨ ਕਰਦੇ ਹੋਏ ਫ਼ਰਮਾਉਂਦੇ ਹਨ :-

ਬਹੁ ਭੇਖ ਕੀਆ ਦੇਹੀ ਦੁਖੁ ਦੀਆ॥

ਸਹੁ ਵੇ ਜੀਆ ਅਪਣਾ ਕੀਆ।

ਅੰਨੁ ਨ ਖਾਇਆ ਸਾਦੁ ਗਵਾਇਆ।।

ਬਹੁ ਦੁਖੁ ਪਾਇਆ ਦੂਜਾ ਭਾਇਆ।।10

ਗੁਰੂ ਜੀ ਨੇ ਲੋਕਾਂ ਨੂੰ ਬਾਹਰੀ ਭੇਖ ਦੀ ਥਾਂ ਹਿਰਦੇ ਵਿੱਚ ਪ੍ਰਭੂ ਵਸਾਉਣ ਲਈ ਪ੍ਰੇਰਿਆਂ ਜਿਸ ਨਾਲ ਮੁਕਤੀ ਪ੍ਰਾਪਤ ਕੀਤੀ ਜਾ ਸਕੇ। ਉਹਨਾਂ ਨੇ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਨੂੰ ਮੁਕਤੀ ਦਾ ਸਾਧਨ ਨਾ ਮੰਨਿਆ ਕਿਉਂਕਿ ਇਸ ਨਾਲ ਬਾਹਰੀ ਮੈਲ ਤਾਂ ਧੋਤੀ ਜਾ ਸਕਦੀ ਹੈ ਅੰਦਰੂਨੀ ਨਹੀਂ। ਗੁਰੂ ਨਾਨਕ ਦੇਵ ਜੀ ਨੇ ਹਰ ਅਜਿਹੇ ਬੁਰਾਈ ਦੇ ਕੀੜੇ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਜੋ ਸਮਾਜ ਨੂੰ ਅੰਦਰੂਨੀ ਤੌਰ ਤੇ ਖਾ ਰਿਹਾ ਸੀ। ਧਾਰਮਿਕ ਆਗੂ ਕਾਜ਼ੀ, ਬ੍ਰਾਹਮਣ ਤੇ ਯੋਗੀ, ਜਿਨ੍ਹਾਂ ਨੇ ਲੋਕਾਈ ਨੂੰ ਸੇਧ ਦੇਣੀ ਸੀ, ਉਹ ਆਪ ਉਜਾੜੇ ਦਾ ਕਾਰਨ ਬਣ ਰਹੇ ਸਨ। ਗੁਰੂ ਜੀ ਨੇ ਉਹਨਾਂ ਪ੍ਰਤੀ ਲੋਕਾਂ ਵਿੱਚ ਚੇਤਨਤਾ ਪੈਦਾ ਕੀਤੀ। ਸਮਾਜਕ ਚੇਤਨਾ ਦੇ ਸੂਰਜ-ਸ਼੍ਰੀ ਗੁਰੂ ਨਾਨਕ ਦੇਵ ਜੀ ਲੇਖ ਵਿੱਚ ਬੁੱਧ ਰਾਮ ਤਾਇਰ ਲਿਖਦੇ ਹਨ:

ਸਮਾਜਕ ਚੇਤਨਾ ਦੇ ਸੂਰਜ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਨੂੰ ਵਹਿਮਾਂ, ਰਸਮਾਂ, ਅਡੰਬਰਾਂ ਅਤੇ ਪਾਖੰਡਾਂ ਰਹਿਤ ਵਾਯੂਮੰਡਲ ਵਿੱਚ ਸੱਚ ਅਤੇ ਕਿਰਤ ਦੇ ਸਹਾਰੇ ਜਿਉਂਦਾ-ਜਾਗਦਾ, ਖੁਸ਼ੀਆਂ ਵਿੱਚ ਵਿਚਰਦਾ ਅਤੇ ਵੰਡ ਛਕਣ ਦੀ ਸੁੰਦਰਤਾ ਵਿੱਚ ਲਿਸ਼ਕਦਾ ਵੇਖਣ ਲਈ ਕਿਤੇ ਪਰਬਤੀਂ ਲੁਕੇ ਸਿਧਾਂ ਅਤੇ ਜੋਗੀਆਂ-ਨਾਥਾਂ ਦੀਆਂ ਸਮਾਧੀਆਂ ਨੂੰ ਹਲੂਣਿਆਂ ਕਿਤੇ ਰਸਮਵਾਦ ਅਤੇ ਕਰਮਕਾਂਡ ਦੀਆਂ ਜ਼ੰਜ਼ੀਰਾਂ ਨੂੰ ਮਰੋੜਿਆਂ, ਕਿਤੇ ਬਹੁ ਦੇਵ ਪੂਜਾ ਅਤੇ ਬੁੱਤ ਪ੍ਰਸਤੀ ਦੇ ਪੈਮਾਨਿਆਂ ਨੂੰ ਤੋੜਿਆਂ, ਕਿਤੇ ਤੁਆਸਬੀਆਂ ਨੂੰ ਰੱਬੀ ਨੂਰ ਦਾ ਪ੍ਰੇਮ ਮਈ ਜਲਵਾ ਵਿਖਾਇਆ, ਕਿਤੇ ਧਨਾਢ ਮਲਕ ਭਾਗੋ ਦੇ ਸ਼ਾਹੀ ਭੋਜਨ ਨੂੰ ਠੁਕਰਾਉਂਦਿਆ ਕਿਰਤੀ ਅਤੇ ਨੀਵੇਂ ਵਰਗ ਦੇ ਭਾਈ ਲਾਲੋ ਦੀ ਸਾਦਾ ਰੋਟੀ ਨੂੰ ਸਤਿਕਾਰਿਆ, ਕਿਤੇ ਤੀਰਥਾਂ ਜਾਂ ਮਨ ਦੇ ਨੂਰ ਦੀ ਪਛਾਣ ਕਰਾਈ ਅਤੇ ਕਿਤੇ ਇਕੋ ਸਰਵ-ਵਿਆਪੀ ਰੱਬੀ ਨੂਰ ਦੀ ਜੋਤ ਪ੍ਰਗਟਾਈ।11

ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਚੇਤਨਾ ਨੂੰ ਵਕਤੀ ਚੇਤਨਾ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਇਹ ਸਰਬ ਸਮਿਆਂ ਅਤੇ ਸਰਬਤ ਜਗਤ ਵਾਸਤੇ ਹੈ। ਉਹਨਾਂ ਨੇ ਬ੍ਰਹਮ ਅਤੇ ਸ੍ਰਿਸ਼ਟੀ ਨੂੰ ਸਮਝਣ ਲਈ ਗੁਰੂ ਦੀ ਸ਼ਰਣ ਵਿੱਚ ਜਾਣ ਦੀ ਪ੍ਰੇਰਣਾ ਦਿੱਤੀ। ਮੂਰਤੀ ਪੂਜਾ ਦਾ ਖੰਡਨ ਕੀਤਾ। ਸਮਕਾਲੀ ਸਮਾਜ ਵਿੱਚ ਮ੍ਰਿਤਕ ਪ੍ਰਾਣੀ ਪ੍ਰਤੀ ਕੀਤੇ ਜਾਂਦੇ ਫੋਕਟ ਕਰਮਕਾਂਡਾਂ ਪ੍ਰਤੀ ਲੁਕਾਈ ਨੂੰ ਸੁਚੇਤ ਕੀਤਾ। ਉਹਨਾਂ ਲੋਕਾਂ ਨੂੰ ਸਮਝਾਇਆ ਕਿ ਮਰ ਚੁੱਕੇ ਵੱਡੇ ਵਡੇਰਿਆਂ ਜਾਂ ਪਿਤਰਾਂ ਨੂੰ ਕਿਸੇ ਵਸਤੂ ਦੀ ਲੋੜ ਨਹੀਂ ਤੇ ਨਾ ਹੀ ਕਿਸੇ ਤਰੀਕੇ ਨਾਲ ਇਹ ਵਸਤੂਆਂ ਉਹਨਾਂ ਤੱਕ ਪਹੁੰਚ ਸਕਦੀਆਂ ਹਨ। ਗੁਰੂ ਜੀ ਦੁਆਰਾ ਮੌਤ ਤੋਂ ਬਾਅਦ ਮੁਸਲਮਾਨਾਂ ਦੁਆਰਾ ਦੇਹ ਦੱਬਣ ਤੇ ਉਹਨਾਂ ਦੁਆਰਾ ਇਹ ਸੋਚਣ ਕਿ ਲਾਸ਼ ਨੂੰ ਜਲਾਉਣ ਨਾਲ ਸਰੀਰ ਨੂੰ ਦੁੱਖ ਪਹੁੰਚੇਗਾ ਰਵਾਇਤ ਦਾ ਖੰਡਨ ਕੀਤਾ। ਉਹਨਾਂ ਅਨੁਸਾਰ ਮੁਰਦਾ ਲਾਸ਼ ਨੂੰ ਕੋਈ ਦੁੱਖ ਨਹੀਂ ਹੁੰਦਾ ਪਰ ਜੇਕਰ ਮੰਨ ਲਈਏ ਕਿ ਹਿੰਦੂ ਦੁਆਰਾ ਜਲਾਉਣ ਨਾਲ ਸਰੀਰ ਨੂੰ ਦੁੱਖ ਪਹੁੰਚਦਾ ਹੈ ਤਾਂ ਮੁਸਲਮਾਨ ਦੀ ਮਿੱਟੀ ਤਾਂ ਸਦਾ ਦੁੱਖ ਭੋਗਦੀ ਹੈ। ਘੁਮਿਆਰ ਉਸ ਮਿੱਟੀ ਦੇ ਭਾਂਡੇ ਬਣਾਕੇ ਆਵੀ ਉੱਪਰ

ਚਾੜ੍ਹਦਾ ਹੈ ਜਿੱਥੇ ਉਸਨੂੰ ਸੜਨਾ ਪੈਂਦਾ ਹੈ। ਉਹਨਾਂ ਅਨੁਸਾਰ ਪਰਮਾਤਮਾ ਦੀ ਦਰਗਾਹ ਵਿੱਚ ਢੋਈ ਵਿਅਕਤੀ ਨੂੰ ਆਪਣੇ ਕਰਮਾਂ ਅਨੁਸਾਰ ਮਿਲੇਗੀ। ਗੁਰੂ ਜੀ ਲਿਖਦੇ ਹਨ :

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।।
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ।।
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ।।12

ਅਸਲ ਵਿੱਚ ਆਤਮਾ ਰੱਬੀ ਸ਼ਕਤੀ ਹੈ, ਜੋ ਕਦੀ ਜੰਮਦੀ ਅਤੇ ਮਰਦੀ ਨਹੀਂ। ਪਾਣੀ ਅਤੇ ਅੱਗ ਨਾਲ ਇਸਨੂੰ ਕੋਈ ਫ਼ਰਕ ਨਹੀਂ ਪੈਂਦਾ ਜੀਵਾਤਮਾ ਸਦਾ ਨਿਰਲੇਪ ਰਹਿੰਦੀ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਨੇ ਪਰੰਪਰਕ ਰੀਤੀ-ਰਿਵਾਜਾਂ ਦਾ ਖੰਡਨ ਕੀਤਾ। ਆਸਾ ਦੀ ਵਾਰ ਸਮਕਾਲੀਨ ਸਮਾਜਕ, ਧਾਰਮਕ, ਸਦਾਚਾਰਕ, ਰਾਜਸੀ ਤੇ ਸੱਭਿਆਚਾਰਕ ਅਧੋਗਤੀ ਦੀ ਇੱਕ ਸੁੱਚਜੀ ਟਿੱਪਣੀ ਹੈ। ਇਹ ਇੱਕ ਸਮਾਜ ਸੁਧਾਰਕ ਤੇ ਇਨਕਲਾਬੀ ਬਾਣੀ ਹੈ। ਇਹ ਬਾਣੀ ਮੂਲ ਰੂਪ ਵਿੱਚ ਧਾਰਮਿਕ ਕਾਵਿ ਹੈ। ਇਸ ਵਿੱਚ ਸਮਾਜਕ-ਸੱਭਿਆਚਾਰਕ ਚੇਤਨਾ ਨੂੰ ਧਾਰਮਿਕ ਕਾਵਿ ਦੇ ਮਾਧਿਅਮ ਰਾਹੀਂ ਅਭਿਵਿਅਕਤ ਕੀਤਾ ਗਿਆ ਹੈ। ਮਨੁੱਖ ਨੂੰ ਲੋਭ, ਮਾਇਆ, ਹਉਮੈ, ਜਾਤ-ਪਾਤ, ਬਾਹਰੀ ਆਡੰਬਰ, ਵਹਿਮ-ਭਰਮ, ਪਾਖੰਡ ਆਦਿ ਤਿਆਗ ਕੇ ਪਰਮਾਤਮਾ ਦਾ ਨਾਮ ਹਿਰਦੇ ਵਿੱਚ ਵਸਾਉਣ ਦਾ ਸੰਦੇਸ਼ ਦਿੱਤਾ ਗਿਆ ਹੈ।

**ਹਵਾਲੇ ਅਤੇ ਟਿੱਪਣੀਆਂ :**

1. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ-12●
2. ਡਾ. ਅਤਰ ਸਿੰਘ, ਪੰਜਾਬੀ ਸਾਹਿਤ ਦੀਆਂ ਦਸ ਜੋਤਾਂ, ਪੰਨਾ-23
3. ਡਾ. ਹਰਿਭਜਨ ਸਿੰਘ, ਅਧਿਐਨ ਤੇ ਅਧਿਆਪਨ, ਪੰਨਾ-146
4. ਆਦਿ ਗ੍ਰੰਥ, ਆਸਾ ਦੀ ਵਾਰ, ਪੰਨਾ-473
5. ਪ੍ਰੋ. ਕਿਸ਼ਨ ਸਿੰਘ, ਗੁਰਬਾਣੀ ਦਾ ਸੱਚ, ਪੰਨਾ-4
6. ਆਦਿ ਗ੍ਰੰਥ, ਆਸਾ ਦੀ ਵਾਰ, ਪੰਨਾ-466
7. ਡਾ. ਹਰਿਭਜਨ ਸਿੰਘ, ਪਾਰਗਾਮੀ, ਪੰਨਾ-75
8. ਡਾ. ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ, ਪੰਨਾ-29
9. ਆਦਿ ਗ੍ਰੰਥ, ਆਸਾ ਦੀ ਵਾਰ, ਪੰਨਾ-472
10. ਆਦਿ ਗ੍ਰੰਥ, ਆਸਾ ਦੀ ਵਾਰ, ਪੰਨਾ-467

11. ਪੰਜਾਬੀ ਦੁਨੀਆ, ਗੁਰੂ ਨਾਨਕ ਅੰਕ (ਭਾਗ ਪਹਿਲਾ) , ਪੰਨਾ-173

12. ਆਦਿ ਗ੍ਰੰਥ, ਆਸਾ ਦੀ ਵਾਰ, ਪੰਨਾ-466